# ਮੁਹਰ ਵਾਲੀ ਕਚੌਰੀ

(ਬਾਲ ਕਹਾਣੀ)

ਮਨਮੋਹਨ ਸਿੰਘ ਦਾਊਂ



# ਮੁਹਰ ਵਾਲੀ ਕਚੌਰੀ

(ਬਾਲ ਕਹਾਣੀ)

## ਮਨਮੋਹਨ ਸਿੰਘ ਦਾਊਂ ਦਾ ਬਾਲ-ਸਾਹਿਤ

1. ਕਿਰਲੀ ਤੇ ਤਿਤਲੀ (ਬਾਲ ਕਹਾਣੀਆਂ) ਇਨਾਮ ਜੇਤੂ
2. ਬੋਲਾਂ ਦੇ ਖੰਭ (ਬਾਲ ਕਹਾਣੀਆਂ)
3. ਤਿੰਨ ਸੁਪਨੇ (ਬਾਲ ਕਹਾਣੀਆਂ)
4. ਪੰਛੀਆਂ ਦੇ ਗੀਤ (ਬਾਲ-ਕਵਿਤਾਵਾਂ)
5. ਫਲਾਂ ਦੀ ਟੋਕਰੀ (ਨਰਸਰੀ-ਗੀਤ)
6. ਚਾਨਣ ਦੀ ਟਹਿਣੀ (ਬਾਲ-ਗੀਤ) ਇਨਾਮ ਜੇਤੂ
7. ਧਰਤੀ ਦੇ ਰੰਗ (ਕਾਵਿ-ਰਚਨਾ)
8. ਫੁੱਲਾਂ ਵਾਲਾ ਘਰ (ਬਾਲ ਕਵਿਤਾਵਾਂ) ਇਨਾਮ ਜੇਤੂ
9. ਮੇਰੀ ਦੀਵਾ (ਬਾਲ-ਗੀਤ) ਇਨਾਮ ਜੇਤੂ
10. ਰੁੱਖਾਂ ਦਾ ਖਜ਼ਾਨਾ (ਕਾਵਿ-ਰਚਨਾ)
11. ਅਜ਼ਾਦੀ ਦੀ ਵਾਰ (ਕਾਵਿ-ਰਚਨਾ)
12. ਪੀਂਘ ਹੁਲਾਰੇ (ਨਰਸਰੀ-ਗੀਤ)
13. ਸੋਨ ਸਵੇਰਾ (ਬਾਲ-ਕਵਿਤਾਵਾਂ)
14. ਫੁੱਲਾਂ ਦੀ ਪੰਘੂੜਾ (ਬਾਲ ਕਵਿਤਾਵਾਂ)
15. ਗਾਥਾ ਗੜ੍ਹੀ ਚਮਕੌਰ (ਕਾਵਿ-ਰਚਨਾ)
16. ਗੀਤਾਂ ਦੇ ਘੁੰਗਰੂ (ਬਾਲ-ਕਵਿਤਾਵਾਂ)
17. ਸੁਪਨਿਆਂ ਵਾਲਾ ਬਚਪਨ (ਬਾਲ-ਕਵਿਤਾਵਾਂ)
18. ਵਿੱਦਿਆ ਦਾ ਗਹਿਣਾ (ਬਾਲ-ਕਵਿਤਾਵਾਂ)
19. ਸਬਰ ਦਾ ਫ਼ਲ ਮਿੱਠਾ (ਕਹਾਣੀ)
20. ਸਭਿਆਚਾਰਕ ਮੁਹਾਂਦਰੇ (ਲੇਖ-ਸੰਗ੍ਰਹਿ) ਇਨਾਮ ਜੇਤੂ
21. ਸ਼ੁੱਧ ਹਵਾ ਦੀ ਲੋੜ
22. ਚਾਚਾ ਨਹਿਰੂ (ਜੀਵਨੀ)
23. ਅਹਿੰਸਾ ਦਾ ਪੁਜਾਰੀ (ਜੀਵਨੀ)
24. ਬਾਲ-ਝਰੋਖਾ (ਜੀਵਨ-ਯਾਦਾਂ) ਇਨਾਮ ਜੇਤੂ
25. ਲੋਕ ਰਾਂਗਲਾ-ਪਿੱਪਲ (ਕਾਵਿ ਰਚਨਾ)
26. ਰੁੱਖਾਂ ਦੇ ਮੈਂ ਗਾਵਾਂ ਗੀਤ
27. ਨਵੀਆਂ ਸਭਿਆਚਾਰਕ ਬੋਲੀਆਂ
28. ਚਾਨਣ ਦਾ ਥਾਲ (ਬਾਲ ਕਵਿਤਾਵਾਂ)
29. ਰੁੱਖਾਂ ਨਾਲ ਦੋਸਤੀ
30. ਜ਼ਿੰਦਗੀ ਦਾ ਸੱਚ (ਵਾਰਤਕ-ਲੇਖ)
31. ਕਿਰਨਾਂ ਦੇ ਫੁੱਲ (ਬਾਲ-ਕਵਿਤਾਵਾਂ)

# ਮੁਹਰ ਵਾਲੀ ਕਚੌਰੀ

(ਬਾਲ ਕਹਾਣੀ)

ਮਨਮੋਹਨ ਸਿੰਘ ਦਾਊਂ

ISBN : 978-93-5204-456-6

**Mohar Wali Kachauri**

*By*

**Manmohan Singh Daon**
#280 Phase 6, S.A.S. Nagar
(Punjab), India
Mobile : 98151-23900
E-mail : @gmail.com

2016

Published by Lokgeet Parkashan
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-4608699, 4608799,4027552

*© 2016*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated [illegible] publisher's prior written consent in any form of binding or cover other than that in which it is published and without a similar condition [illegible] being imposed on the subsequent purchaser and without limiting the rights under copyright reserved above, no part of this publication may be [illegible] or introduced into a retrieval system, or transmitted in any form or by any means(electronic, mechanical, photocopying, recording or otherwise) without the prior written permission of both the copyright owner and the above-mentioned publisher of this book.*

# ਸਮਰਪਣ

ਵਿਰਸਾ, ਵਿਰਾਸਤ ਤੇ ਸਭਿਆਚਾਰ
ਸੰਭਾਲਣ ਵਾਲੇ
ਉੱਦਮੀਆਂ ਦੇ ਨਾਂ

# ਮੁਹਰ ਵਾਲੀ ਕਚੌਰੀ

ਪ੍ਰੀਤੀ ਤੇ ਦੀਪ ਦੋਵੇਂ ਭੈਣ-ਭਰਾ ਸਨ। ਪ੍ਰੀਤੀ ਪੰਜਵੀਂ ਸ਼੍ਰੇਣੀ ਵਿੱਚ ਪੜ੍ਹਦੀ ਸੀ ਤੇ ਦੀਪ ਤੀਜੀ ਸ਼੍ਰੇਣੀ ਵਿਚ ਪੜ੍ਹਦਾ ਸੀ। ਦੋਵੇਂ ਪੜ੍ਹਾਈ ਵਿੱਚ ਚੰਗੇ ਸਨ। ਸਕੂਲੋਂ ਆ ਕੇ ਉਹ ਰਲ ਮਿਲ ਕੇ ਪੜ੍ਹਾਈ ਕਰਦੇ।

ਉਹ ਚੰਡੀਗੜ੍ਹ ਰਹਿੰਦੇ ਸਨ। ਉਹਨਾਂ ਦਾ ਘਰ ਬੜਾ ਸੁੰਦਰ ਤੇ ਸਾਫ਼ ਸੁਥਰਾ ਸੀ।

ਮਾਰਚ ਮਹੀਨੇ ਦਾ ਅਖ਼ੀਰਲਾ ਹਫ਼ਤਾ ਸੀ। ਪ੍ਰੀਤੀ ਤੇ ਦੀਪ ਦੇ ਪੱਕੇ ਇਮਤਿਹਾਨ ਹੋ ਚੁੱਕੇ ਸਨ। ਹੁਣ ਉਹ ਵਿਹਲੇ ਸਨ। ਕਦੇ ਉਹ ਖੇਡ ਲੈਂਦੇ ਤੇ ਕਦੇ ਕੋਈ ਘਰ ਪਿਆ ਰਿਸਾਲਾ ਪੜ੍ਹਨ ਲੱਗ ਪੈਂਦੇ। ਉਹਨਾਂ ਦੋਵਾਂ ਨੂੰ ਕਹਾਣੀਆਂ ਤੇ ਚੁਟਕਲੇ ਪੜ੍ਹਨ ਦਾ ਬੜਾ ਸ਼ੌਕ ਸੀ।

ਇੱਕ ਦਿਨ ਉਹਨਾਂ ਦੇ ਨਾਨਕੇ ਪਿੰਡ ਤੋਂ ਉਹਨਾਂ ਦੀ ਨਾਨੀ-ਮਾਂ ਆਈ। ਉਹ ਬਹੁਤ ਖੁਸ਼ ਹੋਏ। ਉਹਨਾਂ ਨੇ ਨਾਨੀ-ਮਾਂ ਨੂੰ ਮੱਥਾ ਟੇਕਿਆ।

"ਨਾਨੀ-ਮਾਂ ਆਈ! ਨਾਨੀ-ਮਾਂ ਆਈ", ਕਹਿੰਦੇ ਉਹ ਨੱਚ ਉੱਠੇ। ਜਿਊਂਦੇ ਰਹੋ, ਖੁਸ਼ ਰਹੋ, ਖੁਸ਼ ਰਹੋ ਮੇਰੇ ਲਾਡਲਿਓ", ਨਾਨੀ-ਮਾਂ ਨੇ ਉਹਨਾਂ ਨੂੰ ਪਿਆਰ ਦਿੰਦਿਆਂ ਕਿਹਾ।

ਉਹਨਾਂ ਦੇ ਮੰਮੀ-ਪਾਪਾ ਨੇ ਵੀ ਨਾਨੀ-ਮਾਂ ਦਾ ਖ਼ੂਬ ਸਤਿਕਾਰ ਕੀਤਾ। ਘਰ ਵਿੱਚ ਰੌਣਕ ਹੋ ਗਈ। ਨਾਨੀ-ਮਾਂ ਨੇ ਸਭ ਦੀ ਸੁੱਖ-ਸਾਂਦ ਪੁੱਛੀ।

ਪਿੰਡੋਂ ਨਾਨੀ-ਮਾਂ ਬੱਚਿਆਂ ਲਈ ਦੇਸੀ-ਘਿਓ ਦੀਆਂ ਪਿੰਨੀਆਂ ਬਣਾ ਕੇ ਲਿਆਈ ਸੀ। ਦੀਪ ਮੁੜ-ਮੁੜ ਨਾਨੀ-ਮਾਂ ਦੇ ਝੋਲੇ ਵੱਲ ਤੱਕ ਰਿਹਾ ਸੀ।

ਸਾਰੇ ਜਣੇ ਚਾਹ ਪੀਣ ਲੱਗ ਪਏ। ਨਾਨੀ-ਮਾਂ ਨੇ ਆਪਣੇ ਝੋਲੇ ਵਿੱਚੋਂ ਸਭ ਨੂੰ ਇੱਕ-ਇੱਕ ਪਿੰਨੀ ਵੰਡਣੀ ਸ਼ੁਰੂ ਕਰ ਦਿੱਤੀ, ਬਾਕੀ ਦੀਆਂ ਪਿੰਨੀਆਂ ਪ੍ਰੀਤੀ ਦੀ ਮੰਮੀ ਨੂੰ ਅਲਮਾਰੀ ਵਿੱਚ ਰੱਖਣ ਲਈ ਦੇ ਦਿੱਤੀਆਂ।

ਪਿੰਨੀਆਂ ਬੜੀਆਂ ਸੁਆਦ ਸਨ। ਸਾਰੇ ਜਣੇ ਬੜੇ ਚਾਅ ਨਾਲ ਪਿੰਨੀਆਂ ਖਾ ਰਹੇ ਸਨ ਤੇ ਚਾਹ ਦੇ ਘੁੱਟ ਭਰ ਰਹੇ ਸਨ। ਦੀਪ ਦੇ ਪਾਪਾ ਨੂੰ ਤਾਂ ਪਿੰਨੀਆਂ ਖਾਣ ਦਾ ਬੜਾ ਹੀ ਸ਼ੌਂਕ ਸੀ। ਉਹ ਬਾਜ਼ਾਰ ਦੀ ਬਣੀ ਮਠਿਆਈ ਬਹੁਤ ਘੱਟ ਖਾਂਦੇ ਸਨ।

ਉਹ ਨਾਨੀ-ਮਾਂ ਨੂੰ ਕਹਿਣ ਲੱਗੇ, "ਮਾਂ ਜੀ, ਪਿੰਡੋਂ ਸ਼ਹਿਰ ਨੂੰ ਛੇਤੀ ਛੇਤੀ ਆਇਆ ਕਰੋ ਤਾਂ ਜੋ ਸਾਨੂੰ ਪਿੰਨੀਆਂ ਮਿਲਦੀਆਂ ਰਹਿਣ।"

ਇਹ ਸੁਣ ਕੇ ਸਾਰੇ ਹੱਸ ਪਏ। "ਪਾਪਾ, ਨਾਨੀ-ਮਾਂ ਹੀ ਕਿਉਂ ਆਉਣ? ਸਾਨੂੰ ਵੀ ਤਾਂ ਨਾਨੀ-ਮਾਂ ਕੋਲ ਜਾਣਾ ਚਾਹੀਦਾ ਹੈ। ਨਾਲੇ ਨਾਨੀ-ਮਾਂ ਹੁਣ ਬੁੱਢੇ ਵੀ ਹੋ ਗਏ ਹਨ", ਪ੍ਰੀਤੀ ਨੇ ਆਖਿਆ।

"ਹਾਂ, ਹਾਂ ਜ਼ਰੂਰ। ਨਾਲੇ ਦੀਪ ਕਹਿੰਦਾ ਸੀ ਕਿ ਅਸੀਂ ਤਾਂ ਇਸ ਵਾਰੀ ਛੁੱਟੀਆਂ 'ਚ ਆਪਣੇ ਨਾਨਕੇ ਜਾਣਾ ਹੈ", ਪ੍ਰੀਤੀ ਦੀ ਮੰਮੀ ਨੇ ਬੱਚਿਆਂ ਦੀ ਗੱਲ ਮੰਨਦੇ ਹੋਏ ਕਿਹਾ।

ਨਾਨੀ-ਮਾਂ ਦੇ ਆਉਣ ਦਾ ਪ੍ਰੀਤੀ ਤੇ ਦੀਪ ਨੂੰ ਬਹੁਤ ਚਾਅ ਚੜ੍ਹਿਆ ਹੋਇਆ ਸੀ। ਉਹ ਨਾਨੀ-ਮਾਂ ਨਾਲ ਛੁੱਟੀਆਂ 'ਚ ਜਾਣ ਬਾਰੇ ਗੱਲਾਂ ਕਰ-ਕਰ ਕੇ ਖੁਸ਼ ਹੋ ਰਹੇ ਸਨ। ਨਾਨੀ-ਮਾਂ ਨੂੰ ਵੀ ਉਹਨਾਂ ਦੀਆਂ ਗਲਬਾੜੀਆਂ ਚੰਗੀਆਂ ਲੱਗ ਰਹੀਆਂ ਸਨ।

ਰਾਤ ਹੋ ਗਈ। ਸਾਰਿਆਂ ਨੇ ਰਲ-ਮਿਲ ਕੇ ਰਾਤ ਦਾ ਭੋਜਨ ਖਾਧਾ। ਪ੍ਰੀਤੀ ਤੇ ਦੀਪ ਨੂੰ ਅੱਜ ਟੈਲੀਵੀਜ਼ਨ ਵੇਖਣ ਨਾਲੋਂ ਨਾਨੀ-ਮਾਂ ਨਾਲ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਸਨ।

ਅਸਲ ਵਿੱਚ ਨਾਨੀ-ਮਾਂ ਉਹਨਾਂ ਨੂੰ ਲਾਡ ਵੀ ਬਹੁਤ ਕਰਦੀ ਸੀ। ਉਹ ਉਹਨਾਂ ਨੂੰ ਚੰਗੀਆਂ-ਚੰਗੀਆਂ ਗੱਲਾਂ ਦੱਸਦੀ। ਉਹਨਾਂ ਨਾਲ ਹਾਸੀ ਮਖੌਲ ਸਾਂਝਾ ਕਰਦੀ। ਨਾਨੀ-ਮਾਂ ਦਾ ਸੁਭਾਅ ਹੀ ਅਜਿਹਾ ਸੀ। ਜਿਹੜਾ ਉਸ ਦੇ ਕੋਲ ਬੈਠ ਜਾਂਦਾ, ਉਸਦਾ ਉਸ ਕੋਲੋਂ ਉੱਠਣ ਨੂੰ ਜੀਅ ਹੀ ਨਾ ਕਰਦਾ।

ਸਾਰਿਆਂ ਦੀ ਸੌਣ ਦੀ ਤਿਆਰੀ ਹੋ ਗਈ।

ਪ੍ਰੀਤੀ ਤੇ ਦੀਪ ਨਾਨੀ-ਮਾਂ ਦੇ ਕਮਰੇ ਵਿੱਚ ਹੀ ਸੌਣਾ ਚਾਹੁੰਦੇ ਸਨ। ਉਹ ਨਾਨੀ-ਮਾਂ ਦੀ ਮੁੱਠੀ-ਚਾਪੀ ਕਰਨ ਲੱਗ ਪਏ।

"ਜੁਗ-ਜੁਗ, ਜੀਓ", ਨਾਨੀ-ਮਾਂ ਅਸੀਸਾਂ ਦੇਣ ਲੱਗੀ।

"ਨਾਨੀ-ਮਾਂ, ਨਾਨੀ-ਮਾਂ, ਸਾਨੂੰ ਅੱਜ ਕੋਈ ਕਹਾਣੀ ਸੁਣਾ", ਪ੍ਰੀਤੀ ਕਹਿਣ ਲੱਗੀ।

"ਹਾਂ, ਹਾਂ, ਨਾਨੀ-ਮਾਂ, ਸਾਨੂੰ ਅੱਜ ਕੋਈ ਕਹਾਣੀ ਸੁਣਾ", ਦੀਪ ਵੀ ਖਹਿੜੇ ਪੈ ਗਿਆ।

"ਨਾਨੀ-ਮਾਂ, ਪਾਂਡੀ ਪਾਤਸ਼ਾਹ ਦੀ ਕਹਾਣੀ ਤਾਂ ਸਾਨੂੰ ਹੁਣ ਵੀ ਯਾਦ ਹੈ, ਜਿਹੜੀ ਪਿਛਲੀਆਂ ਛੁੱਟੀਆਂ ਵਿਚ ਸਾਨੂੰ ਸੁਣਾਈ ਸੀ, ਕਿੰਨਾ ਚੰਗਾ ਹੁੰਦਾ ਸੀ, ਮਹਾਰਾਜਾ ਰਣਜੀਤ ਸਿੰਘ', ਪ੍ਰੀਤੀ ਬੋਲੀ।

"ਹਾਂ, ਪੁੱਤਰੋ, ਮਹਾਰਾਜਾ ਰਣਜੀਤ ਸਿੰਘ ਨੂੰ ਇਸੇ ਕਰਕੇ ਤਾਂ ਲੋਕ ਯਾਦ ਕਰਦੇ ਹਨ। ਉਹ ਬੜਾ ਦਿਆਲੂ ਸੀ। ਨਿਆਂਕਾਰੀ ਸੀ। ਸਭ ਧਰਮਾਂ ਦੇ ਲੋਕ ਉਸ ਤੋਂ ਖ਼ੁਸ਼ ਸਨ। ਉਹ ਇੱਕ ਸ਼ਕਤੀਸ਼ਾਲੀ ਰਾਜਾ ਵੀ ਸੀ। ਉਸ ਨੂੰ ਸ਼ੇਰੇ-ਪੰਜਾਬ ਨਾਂ ਨਾਲ ਯਾਦ ਕੀਤਾ ਜਾਂਦਾ ਹੈ।"

"ਅੱਜ ਮੈਂ ਇੱਕ ਹੋਰ ਪੁਰਾਣੇ ਰਾਜੇ ਦੀ ਕਹਾਣੀ ਸੁਣਾਉਂਦੀ ਹਾਂ ਜਿਹੜਾ ਬਹੁਤ ਰਹਿਮ-ਦਿਲ ਤੇ ਪਰ-ਉਪਕਾਰੀ ਸੀ। ਸੂਝਵਾਨ ਵੀ ਬੜਾ ਸੀ", ਨਾਨੀ-ਮਾਂ ਨੇ ਬੱਚਿਆਂ ਦੀ ਗੱਲ ਮੰਨਦੇ ਹੋਏ ਕਿਹਾ।

ਪ੍ਰੀਤੀ ਤੇ ਦੀਪ ਨਾਨੀ-ਮਾਂ ਤੋਂ ਕਹਾਣੀ ਸੁਣਨ ਲਈ ਉਸ ਦੀ ਰਜਾਈ ਖਿੱਚ ਕੇ ਹੋਰ ਨੇੜੇ ਹੋ ਗਏ।

"ਅੱਛਾ, ਕਾਹਲੇ ਨਾ ਪਵੋ। ਮੈਨੂੰ ਜ਼ਰਾ ਸਰਾਹਣੇ ਦੀ ਢੋਅ ਤਾਂ ਲਾ ਲੈਣ ਦਿਓ। ਸੌਂ ਨਾ ਜਾਇਓ, ਹੁੰਗਾਰਾ ਭਰਦੇ ਰਹਿਣਾ", ਨਾਨੀ-ਮਾਂ ਤਿਆਰ ਹੋ ਕੇ ਬੋਲੀ।

"ਹਾਂ, ਹਾਂ ਅਸੀਂ ਦੋਵੇਂ ਹੁੰਗਾਰਾ ਭਰਾਂਗੇ। ਪਾਪਾ ਤਾਂ ਆਪਣੇ ਕਮਰੇ ਵਿੱਚ ਕੋਈ ਕਿਤਾਬ ਪੜ੍ਹ ਰਹੇ ਹਨ। ਮੰਮੀ ਸ਼ਾਇਦ ਇੰਗਲੈਂਡ ਵਾਲੀ ਮਾਸੀ ਜੀ ਨੂੰ ਚਿੱਠੀ ਲਿਖ ਰਹੇ ਹਨ। ਕਈ ਦਿਨ ਹੋਏ ਮਾਸੀ ਜੀ ਦੀ ਚਿੱਠੀ ਆਈ ਸੀ", ਪ੍ਰੀਤੀ ਕਹਿਣ ਲੱਗੀ।

"ਲਓ, ਸੁਣੋ।" ਨਾਨੀ-ਮਾਂ ਨੇ ਕਿਹਾ।

ਪ੍ਰੀਤੀ ਤੇ ਦੀਪ ਕਹਾਣੀ ਸੁਣਨ ਲਈ ਪਹਿਲਾਂ ਹੀ ਉਤਾਵਲੇ ਸਨ। ਉਹਨਾਂ ਨੂੰ ਕਹਾਣੀ ਸੁਣਨ ਦੀ ਲਿਲਕ ਲੱਗੀ ਹੋਈ ਸੀ।

ਸੋਚ-ਸੋਚ ਕੇ ਨਾਨੀ-ਮਾਂ ਨੇ ਕਹਾਣੀ ਇਉਂ ਸ਼ੁਰੂ ਕੀਤੀ :

"ਮੇਰੇ ਲਾਡਲਿਓ, ਪੁਰਾਣੇ ਸਮਿਆਂ ਦੀ ਗੱਲ ਹੈ। ਇੱਕ ਰਾਜਾ ਹੁੰਦਾ ਸੀ। ਉਸ ਦਾ ਰਾਜ ਦੂਰ-ਦੂਰ ਤੱਕ ਫੈਲਿਆ ਹੋਇਆ ਸੀ। ਲੋਕੀਂ ਉਸ ਨੂੰ 'ਵੱਡਾ' ਰਾਜਾ ਮੰਨਦੇ ਸਨ। ਸਤਿਕਾਰ ਵਜੋਂ ਲੋਕੀਂ ਉਸ ਨੂੰ ਦਿਆਲੂ ਰਾਜਾ ਕਹਿ ਕੇ ਵੀ ਯਾਦ ਕਰਦੇ ਸਨ।

"ਨਾਨੀ-ਮਾਂ, ਉਸ ਦਾ ਨਾਂ ਕੀ ਸੀ ?" ਪ੍ਰੀਤੀ ਨੇ ਕਾਹਲੀ ਹੋ ਕੇ ਪੁੱਛਿਆ।

"ਉਸ ਦਾ ਨਾਂ ਸੀ-ਲੋਕਪਾਲ ਰਾਜਾ।"

'ਨਾਨੀ-ਮਾਂ, ਉਹ ਕਿਹੜੇ ਦੇਸ਼ ਦਾ ਰਾਜਾ ਸੀ ?" ਦੀਪ ਨੇ ਝੱਟ ਪੁੱਛਿਆ। "ਬਈ ਤੁਸੀਂ ਤਾਂ ਮੇਰਾ ਇਮਤਿਹਾਨ ਹੀ ਲੈਣ ਲੱਗ ਪਏ, "ਨਾਨੀ-ਮਾਂ ਹੱਸਦੀ ਹੋਈ ਬੋਲੀ।

"ਚੰਗਾ ਸੁਣੋ। ਉਹ ਲੋਕਪਾਲ ਨਾਂ ਦਾ ਰਾਜਾ ਸਾਡੇ ਦੇਸ਼ ਦਾ ਹੀ ਇੱਕ ਰਾਜਾ ਹੁੰਦਾ ਸੀ। ਅਜ਼ਾਦੀ ਤੋਂ ਪਹਿਲਾਂ-ਬਹੁਤ ਪੁਰਾਣੇ ਸਮੇਂ-ਸਾਡੇ ਦੇਸ਼ ਵਿੱਚ ਵੱਖ-ਵੱਖ ਰਾਜੇ ਰਾਜ ਕਰਦੇ ਸਨ। ਉਦੋਂ ਅੰਗਰੇਜ਼ਾਂ ਦਾ ਰਾਜ ਨਹੀਂ ਸੀ ਹੁੰਦਾ। ਲੋਕਪਾਲ ਰਾਜਾ ਵੀ ਉਸ ਜ਼ਮਾਨੇ ਵਿੱਚ ਹੋਇਆ। ਉਦੋਂ ਰਾਜ ਹੀ ਰਾਜਿਆਂ ਦਾ ਹੋਇਆ ਕਰਦਾ ਸੀ।" ਨਾਨੀ-ਮਾਂ ਦੱਸਦੀ ਹੋਈ ਬੋਲੀ।



"ਨਾਨੀ-ਮਾਂ, ਕਈ ਰਾਜੇ ਤਾਂ ਬਹੁਤ ਲੜਾਕੂ ਹੁੰਦੇ ਸਨ। ਲੋਕ ਉਹਨਾਂ ਤੋਂ ਡਰਦੇ ਬਹੁਤ ਸਨ। ਉਹ ਲੋਕਾਂ ਨੂੰ ਸਜ਼ਾਵਾਂ ਵੀ ਬਹੁਤ ਦਿੰਦੇ ਸਨ। ਸਾਡੀ ਇਤਿਹਾਸ ਦੀ ਪੁਸਤਕ ਵਿੱਚ ਕਈ ਰਾਜਿਆਂ ਬਾਰੇ ਮੈਂ ਪੜ੍ਹਿਆ ਹੈ", ਪ੍ਰੀਤੀ ਕਹਿਣ ਲੱਗੀ।

"ਹਾਂ, ਪੁੱਤਰ, ਕਈ ਅਜਿਹੇ ਰਾਜੇ ਹੋਏ ਹਨ ਜੋ ਬੜਾ ਜ਼ੁਲਮ ਕਰਦੇ ਸਨ। ਪਰਜਾ ਉਹਨਾਂ ਤੋਂ ਦੁਖੀ ਹੁੰਦੀ ਸੀ। ਅਸਲ ਰਾਜਾ ਤਾਂ ਉਹੀ ਹੈ ਜੋ ਆਪਣੀ ਪਰਜਾ ਨਾਲ ਹਮਦਰਦੀ ਕਰੇ। ਲੋਕਾਂ ਦੀਆਂ ਲੋੜਾਂ ਪੂਰੀਆਂ ਕਰੇ। ਸੱਚ ਦੀ ਕਦਰ ਕਰੇ। ਹਰ ਇੱਕ ਨੂੰ ਇਨਸਾਫ਼ ਦੇਵੇ। ਲੋਕਾਂ ਦੇ ਦੁੱਖ-ਸੁੱਖ ਨੂੰ ਜਾਣੇ", ਨਾਨੀ-ਮਾਂ ਨੇ ਪ੍ਰੀਤੀ ਦੀ ਗੱਲ ਸੁਣ ਕੇ ਉੱਤਰ ਦਿੱਤਾ।

"ਨਾਨੀ-ਮਾਂ, ਲੋਕਪਾਲ ਰਾਜੇ ਦੇ ਰਾਜ ਨੂੰ ਫਿਰ ਕੀ ਹੋਇਆ ?" ਦੀਪ ਨੇ ਗੱਲ ਟੋਕਦਿਆਂ ਪੁੱਛਿਆ।

ਨਾਨੀ-ਮਾਂ ਨੇ ਕਹਾਣੀ ਅੱਗੇ ਤੋਰੀ :

"ਹਾਂ, ਲੋਕਪਾਲ ਦੇ ਦਰਬਾਰ ਵਿੱਚ ਬਹੁਤ ਚੰਗੇ-ਚੰਗੇ ਵਜ਼ੀਰ ਸਨ। ਉਹ ਬੜੇ ਸਿਆਣੇ ਸਨ। ਉਸਦੇ ਦਰਬਾਰੀ ਵੀ ਬਹੁਤ ਆਗਿਆਕਾਰੀ ਸਨ। ਵੱਡਾ ਰਾਜਾ ਆਪਣੇ ਵਜ਼ੀਰਾਂ ਦੀ ਸਲਾਹ ਲੈ ਕੇ ਫੈਸਲਾ ਕਰਦਾ ਸੀ। ਉਸ ਨੂੰ ਜਦੋਂ ਵੀ ਕੋਈ ਸ਼ਿਕਾਇਤ ਮਿਲਦੀ, ਉਸ ਬਾਰੇ ਛੇਤੀ ਤੋਂ ਛੇਤੀ ਹੱਲ ਲੱਭਦਾ। ਲੋਕੀਂ ਉਸ ਤੋਂ ਬਹੁਤ ਖੁਸ਼ ਸਨ।

"ਨਾਨੀ-ਮਾਂ, ਗੁਆਂਢੀ ਰਾਜਿਆਂ ਨਾਲ ਉਸਦੀ ਕਿਹੋ ਜਿਹੀ ਸਾਂਝ ਸੀ ?" ਪ੍ਰੀਤੀ ਨੇ ਪ੍ਰਸ਼ਨ ਕੀਤਾ।

"ਚੰਗਾ ਤੇ ਸੂਝਵਾਨ ਰਾਜਾ ਉਹੀ ਹੁੰਦਾ ਹੈ ਜਿਹੜਾ ਆਪਣੇ ਗੁਆਂਢੀ ਰਾਜਿਆਂ ਨਾਲ ਵੀ ਬਣਾ ਕੇ ਰੱਖੇ। ਔਕੜ ਵੇਲੇ ਕੰਮ ਲੈ ਸਕੇ। ਲੋੜ ਵੇਲੇ ਦੂਜੇ ਦੀ ਸਹਾਇਤਾ ਕਰੇ।"

"ਸਾਨੂੰ ਵੀ ਤਾਂ ਆਪਣੇ ਆਂਢ-ਗੁਆਂਢ ਨਾਲ ਬਣਾ ਕੇ ਰੱਖਣ ਦਾ ਲਾਭ ਹੈ। ਚੰਗਾ ਨਾਗਰਿਕ ਉਹੀ ਹੈ ਜਿਹੜਾ ਦੂਜਿਆਂ ਨਾਲ ਚੰਗਾ ਵਰਤਾਓ ਕਰੇ। ਇਵੇਂ ਹੀ ਰਾਜਿਆਂ ਨੂੰ ਵੀ ਲੋਕਾਂ ਦੀ ਸੁੱਖ-ਸ਼ਾਂਤੀ ਲਈ ਦੂਜੇ ਰਾਜਿਆਂ ਦੇ ਮਿਲਵਰਤਣ ਦੀ ਲੋੜ ਪੈਂਦੀ ਹੈ।"

"ਹਾਂ, ਠੀਕ ਹੈ", ਦੀਪ ਹੁੰਗਾਰਾ ਭਰਦਾ ਬੋਲਿਆ।

"ਲੋਕ ਪਾਲ ਰਾਜੇ ਤੋਂ ਉਸ ਦੇ ਗੁਆਂਢੀ ਰਾਜੇ ਬਹੁਤ ਖੁਸ਼ ਸਨ। ਦੂਜੇ ਰਾਜੇ ਉਸ ਨਾਲ ਬਣਾ ਕੇ ਰੱਖਣਾ ਆਪਣੀ ਸੁਰੱਖਿਆ ਸਮਝਦੇ ਸਨ ਕਿਉਂਕਿ ਕਈ ਧਾੜਵੀ ਰਾਜੇ ਬਾਹਰਲੇ ਦੇਸ਼ਾਂ ਤੋਂ ਆ ਕੇ ਹਮਲਾ ਕਰ ਧਾਵਾ ਬੋਲ ਦਿੰਦੇ ਸਨ। ਲੋਕਪਾਲ ਸ਼ਕਤੀਸ਼ਾਲੀ ਤਾਂ ਹੈ ਹੀ ਸੀ ਪਰੰਤੂ ਉਸ ਦਾ ਰੋਅਬ-ਦਾਬ ਵੀ ਪੂਰਾ ਸੀ। ਗਰੀਬ ਅਮੀਰ ਲਈ ਉਸ ਦਾ ਕਾਨੂੰਨ ਇੱਕੋ ਜਿਹਾ ਸੀ। ਸਾਰੇ ਧਰਮਾਂ ਦੇ ਲੋਕ ਉਸ ਦੇ ਰਾਜ ਵਿੱਚ ਚਾਈਂ-ਚਾਈਂ ਰਹਿ ਰਹੇ ਸਨ। ਕਈ ਤਾਂ ਉਸ ਨੂੰ ਧਰਮੀ ਰਾਜਾ ਕਹਿ ਕੇ ਸਤਿਕਾਰਦੇ।"

"ਫੇਰ ਕੀ ਹੋਇਆ ?" ਪ੍ਰੀਤੀ ਨੇ ਹੁੰਗਾਰਾ ਭਰਦਿਆਂ ਪੁੱਛਿਆ।


"ਬੱਚਿਓ, ਸਮਾਂ ਇਕੋ ਜਿਹਾ ਨਹੀਂ ਰਹਿੰਦਾ। ਕੁਦਰਤ ਦੀ ਕਰਨੀ, ਲੋਕਪਾਲ ਦੇ ਰਾਜਕਾਲ ਵਿੱਚ ਸੋਕਾ ਪੈ ਗਿਆ", ਨਾਨੀ-ਮਾਂ ਨੇ ਕਹਾਣੀ ਸੁਣਾਉਂਦਿਆਂ ਕਿਹਾ।

"ਸੋਕਾ ਕੀ ਹੁੰਦਾ ਹੈ ? ਨਾਨੀ-ਮਾਂ, ਦੀਪ ਨੇ ਅੱਖਾਂ ਝਮਕਦਿਆਂ ਪੁੱਛਿਆ।

"ਪੁੱਤਰ ਜਦੋਂ ਵਰਖਾ ਨਾ ਪਵੇ, ਕਿੰਨਾ-ਕਿੰਨਾ ਚਿਰ ਮੀਂਹ ਦੀ ਉਡੀਕ ਲੱਗੀ ਰਹੇ। ਔੜ ਲੱਗਣਾ ਵੀ ਕਹਿੰਦੇ ਇਸ ਨੂੰ। ਗੱਲ ਪੁਰਾਣਿਆਂ ਸਮਿਆਂ ਦੀ ਹੈ ਜਦੋਂ ਖੇਤੀ ਵਰਖਾ ਉੱਤੇ ਹੀ ਨਿਰਭਰ ਹੁੰਦੀ ਸੀ। ਫਸਲਾਂ,

ਰੁੱਖ-ਬੂਟੇ ਮੀਂਹ ਨਾਲ ਹੀ ਪਲਦੇ ਸਨ। ਸਿੰਚਾਈ ਦੇ ਸਾਧਨ ਨਹੀਂ ਸਨ ਹੁੰਦੇ। ਵਰਖਾ ਹੀ ਪਾਣੀ ਦਾ ਵੱਡਾ ਸੋਮਾ ਹੁੰਦੀ ਸੀ।"ਵੇਖ ਹੁਣ ਤਾਂ ਪਾਣੀ ਦੇ ਕਿੰਨੇ ਸਾਧਨ ਬਣ ਗਏ ਹਨ। ਤੁਹਾਡੇ ਸ਼ਹਿਰ ਚੰਡੀਗੜ੍ਹ 'ਚ ਘਰ-ਘਰ ਟੂਟੀ ਦੇ ਪਾਣੀ ਦਾ ਪ੍ਰਬੰਧ ਹੈ। ਪਾਣੀ ਨਾਲ ਹੀ ਹਰਿਆਲੀ ਹੈ। ਪਾਣੀ ਨਾਲ ਹੀ ਜੀਵਨ ਹੈ", ਨਾਨੀ-ਮਾਂ ਨੇ ਸਮਝਾਂਦਿਆਂ ਕਿਹਾ।

"ਸੋਕਾ ਪੈਣ ਨਾਲ ਕਾਲ ਵੀ ਪੈ ਗਿਆ। ਕਾਲ ਵੀ ਬੜਾ ਲੰਮਾ। ਧਰਤੀ ਸੁੱਕ ਗਈ ਤੇ ਬੰਜਰ ਹੋ ਗਈ। ਧਰਤੀ 'ਤੇ ਦਰਾੜਾਂ ਪੈਣੀਆਂ ਸ਼ੁਰੂ ਹੋ ਗਈਆਂ। ਟੋਭੇ ਸੁੱਕ ਗਏ। ਖੂਹਾਂ ਦਾ ਪਾਣੀ ਬਹੁਤ ਥੱਲੇ ਚਲੇ ਗਿਆ। ਫਸਲਾਂ ਸੁੱਕ ਗਈਆਂ। ਹਰਿਆਲੀ ਨਾ ਰਹੀ। ਡੰਗਰਾਂ ਤੇ ਪਸ਼ੂਆਂ ਲਈ ਚਾਰੇ ਦੀ ਘਾਟ ਪੈ ਗਈ। ਪੰਛੀਆਂ ਨੂੰ ਚੋਗੇ ਦੀ ਭਾਲ ਵਿੱਚ ਦੂਰ-ਦੂਰ ਉੱਡਣਾ ਪੈਂਦਾ। ਰੁੱਖ ਰੁੰਡ-ਮੁੰਡ ਹੋ ਗਏ। ਅਨਾਜ ਦੀ ਚਿੰਤਾ ਲੱਗ ਗਈ। ਲੋਕੀ ਭੈਅ-ਭੀਤ ਹੋ ਗਏ। ਭੁੱਖਮਰੀ ਦਾ ਖ਼ਤਰਾ ਬਣ ਗਿਆ।" ਨਾਨੀ-ਮਾਂ ਦੇ ਚਿਹਰੇ 'ਤੇ ਉਦਾਸੀ ਸੀ।



"ਨਾਨੀ-ਮਾਂ, ਫੇਰ ਤਾਂ ਕਾਲ ਸੱਚ-ਮੁੱਚ ਬੜਾ ਮਾੜਾ ਹੁੰਦਾ ਹੈ", ਪ੍ਰੀਤੀ ਜਿਵੇਂ ਘਬਰਾਈ ਹੋਈ ਬੋਲੀ।

ਦੀਪ ਨਾਨੀ-ਮਾਂ ਵੱਲ ਚੁੱਪ-ਚਾਪ ਤੱਕਣ ਲੱਗਾ।

"ਹਾਂ, ਪ੍ਰੀਤੀ ਪੁੱਤਰ, ਕਾਲ ਬੜਾ ਭੈੜਾ ਹੁੰਦਾ। ਕੁਦਰਤ ਦੀ ਕਰੋਪੀ ਨਾਲ ਸਭ ਨੂੰ ਨੁਕਸਾਨ ਹੁੰਦਾ ਹੈ। ਭੁੱਖਮਰੀ ਤਾਂ ਹੋਰ ਵੀ ਮਾੜੀ ਹੁੰਦੀ ਹੈ। ਜਦੋਂ ਲੋਕਾਂ ਨੂੰ ਰੋਟੀ ਹੀ ਨਾ ਮਿਲੇ ਤਾਂ ਉਹ ਕੀ ਕਰਨ।"

"ਭਾਣਾ, ਇਹ ਹੋਇਆ, ਖੇਤ ਸੁੰਨੇ ਹੋ ਗਏ, ਕਿਸਾਨ ਉਦਾਸ ਹੋ ਗਏ। ਅਨਾਜ ਦੀ ਘਾਟ ਕਾਰਨ ਲੋਕ ਫਿਕਰਮੰਦ ਹੋ ਗਏ।"

"ਪਰਜਾ ਨੂੰ ਦੁਖੀ ਵੇਖ ਕੇ ਰਾਜਾ ਲੋਕਪਾਲ ਵੀ ਉਦਾਸ ਹੋ ਗਿਆ। ਉਸ ਨੇ ਆਪਣੇ ਦਰਬਾਰ ਵਿੱਚ ਮਨੋਰੰਜਨ ਦੇ ਸ਼ੌਕ ਬੰਦ ਕਰਵਾ ਦਿੱਤੇ। ਫਜ਼ੂਲ ਖਰਚਾਂ 'ਤੇ ਰੋਕ ਲਾ ਦਿੱਤੀ। ਰਾਜਾ ਆਪ ਸਾਦਾ ਭੋਜਨ ਖਾਣ ਲੱਗਾ।"

"ਉਹ ਤਾਂ ਬੜਾ ਹੀ ਚੰਗਾ ਰਾਜਾ ਹੋਵੇਗਾ, ਸੱਚਮੁੱਚ ਨਾਨੀ-ਮਾਂ", ਪ੍ਰੀਤੀ ਬੋਲੇ ਬਿਨਾਂ ਨਾ ਰਹਿ ਸਕੀ।

"ਹਾਂ—! ਗੱਲ ਇਹ ਹੋਈ ਕਿ ਕੁਝ ਲੋਕ ਉਸ ਦੇ ਰਾਜ ਤੋਂ ਦੂਜੇ ਰਾਜ ਵਿੱਚ ਜਾਣ ਲਈ ਸੋਚਣ ਲੱਗੇ। ਪਰੰਤੂ ਰਾਜੇ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਆਪਣੇ ਭੰਡਾਰੇ 'ਚੋਂ ਅਨਾਜ ਲੋਕਾਂ ਨੂੰ ਵੰਡਣ ਦਾ ਹੁਕਮ ਦੇ ਦਿੱਤਾ।

ਜਿਹੜਾ ਵੀ ਲੋੜਵੰਦ ਆਉਂਦਾ, ਉਸ ਨੂੰ ਅਨਾਜ ਦੇ ਦਿੱਤਾ ਜਾਂਦਾ। ਕਈ ਮਹੀਨੇ ਅਨਾਜ ਦਾ ਦਾਨ ਹੁੰਦਾ ਰਿਹਾ। ਆਖਿਰ ਕਾਲ ਲੰਮਾ ਪੈਣ ਕਾਰਨ ਭੰਡਾਰੇ 'ਚੋਂ ਅਨਾਜ ਵੀ ਮੁੱਕਣ ਲੱਗਾ।"

"ਰਾਜੇ ਨੇ ਆਪਣੇ ਗੁਆਂਢੀ ਰਾਜਿਆਂ ਤੋਂ ਅਨਾਜ ਮੰਗਵਾਉਣਾ ਸ਼ੁਰੂ ਕਰ ਦਿੱਤਾ। ਮੀਂਹ ਪੈਣ 'ਚ ਨਹੀਂ ਸੀ ਆ ਰਿਹਾ। ਗਰਮੀ ਜ਼ੋਰਾਂ 'ਤੇ ਪੈਣ ਲੱਗੀ। ਲੋਕ ਹੋਰ ਵੀ ਘਬਰਾਉਣ ਲੱਗੇ। ਤ੍ਰਾਹ-ਤ੍ਰਾਹ ਹੋਣ ਲੱਗੀ।"

"ਦਾਨੀ ਰਾਜਾ ਆਪਣੀ ਪਰਜਾ ਨੂੰ ਭੁੱਖਿਆਂ ਮਰਦਾ ਨਹੀਂ ਸੀ ਵੇਖ ਸਕਦਾ। ਪਰਜਾ ਨਾਲ ਹੀ ਰਾਜਾ ਏ ਤੇ ਰਾਜੇ ਨਾਲ ਹੀ ਪਰਜਾ।"

ਪ੍ਰੀਤੀ ਤੇ ਦੀਪ ਹੈਰਾਨ ਹੋਏ ਕਹਾਣੀ ਸੁਣ ਰਹੇ ਸਨ।

"ਫੇਰ—! ਰਾਜੇ ਨੇ ਕੀ ਕੀਤਾ ? ਦੀਪ ਨੇ ਨਾਨੀ-ਮਾਂ ਤੋਂ ਪੁੱਛਿਆ।

"ਲੋਕਪਾਲ ਨੇ ਆਪਣੇ ਵਜ਼ੀਰਾਂ ਤੇ ਦਰਬਾਰੀਆਂ ਨਾਲ ਸਲਾਹ ਕੀਤੀ। ਆਖਰ ਦੂਜੇ ਰਾਜੇ ਵੀ ਕਦੋਂ ਤੱਕ ਸਹਾਇਤਾ ਕਰ ਸਕਦੇ ਸਨ। ਰਾਜੇ ਨੇ ਆਪਣੇ ਦਰਬਾਰ ਵਿੱਚ ਤਿੰਨ ਡੰਗ ਦੀ ਥਾਂ ਕੇਵਲ ਦੋ ਡੰਗ ਖਾਣਾ ਬਣਾਉਣ ਦਾ ਹੁਕਮ ਦੇ ਦਿੱਤਾ ਤਾਂ ਜੋ ਵੱਧ ਤੋਂ ਵੱਧ ਦਿਨ ਲੰਘਾਏ ਜਾ ਸਕਣ।"

"ਚੁੱਪ ਕਿਉਂ ਹੋ ਗਏ, ਪੁੱਤਰੋ ?" ਨਾਨੀ-ਮਾਂ ਨੇ ਹੁੰਗਾਰਾ ਦੇਣ ਲਈ ਬੱਚਿਆਂ ਵੱਲ ਤੱਕਿਆ। "ਨਹੀਂ—ਨਹੀਂ, ਨਾਨੀ-ਮਾਂ, ਅਸੀਂ ਕਹਾਣੀ ਸੁਣ ਰਹੇ ਹਾਂ" ਦੋਵੇਂ ਭੈਣ-ਭਰਾ ਬੋਲੇ।

ਅੱਗੇ ਸੁਣੋ—

ਇੱਕ ਸਿਆਣੇ ਵਜ਼ੀਰ ਨੇ ਰਾਜੇ ਨੂੰ ਸੁਝਾਅ ਦਿੱਤਾ ਕਿ ਬੰਦਿਆਂ ਨੂੰ ਤਾਂ ਅਨਾਜ ਵੰਡ ਦਿੱਤਾ ਜਾਂਦਾ ਹੈ। ਠੀਕ ਹੈ। ਪਰੰਤੂ ਛੋਟੇ ਬੱਚਿਆਂ ਨੂੰ ਤਾਂ ਭੁੱਖ ਬਹੁਤ ਛੇਤੀ ਲੱਗ ਜਾਂਦੀ ਹੈ। ਹੋ ਸਕਦਾ, ਕੁਝ ਬੱਚਿਆਂ ਨੂੰ ਰੋਟੀ ਮਿਲਦੀ ਵੀ ਹੋਊ ਕਿ ਨਾ ਕਈ ਔਰਤਾਂ ਦੇ ਘਰ ਆਦਮੀ ਵੀ ਨਹੀਂ ਹੁੰਦੇ। ਕਿਤੇ—ਭੁੱਖੇ ਬੱਚਿਆਂ ਦੇ ਸੰਤਾਪ ਕਾਰਨ ਹੀ ਨਾ ਕੁਦਰਤ ਰੁੱਠ ਗਈ ਹੋਵੇ।"

"ਕਿਉਂ ਨਾ ਹਰ ਰੋਜ਼ ਸ਼ਾਮੀਂ ਰੋਟੀਆਂ ਪਕਵਾ ਕੇ ਬੱਚਿਆਂ ਨੂੰ ਇੱਕ ਥਾਂ ਇਕੱਠੇ ਕਰ ਕੇ ਵੰਡ ਦਿੱਤੀਆਂ ਜਾਇਆ ਕਰਨ। ਬੱਚੇ ਤਾਂ ਅਣਭੋਲ ਹੁੰਦੇ ਹਨ। ਫੁੱਲਾਂ ਵਰਗੇ ਕੋਮਲ ਹਿਰਦਿਆਂ ਵਾਲੇ। ਇੱਕੋ ਨੂਰ ਦਾ ਰੂਪ। ਲੰਮੀ ਰਾਤ ਭੁੱਖੇ ਰਹਿ ਕੇ ਕੱਟਣੀ ਔਖੀ ਹੁੰਦੀ ਹੋਵੇਗੀ।"



"ਵਜ਼ੀਰ ਦੀ ਗੱਲ ਰਾਜੇ ਨੂੰ ਚੰਗੀ ਲੱਗੀ। ਰੋਟੀ ਤੋਂ ਵੱਡਾ ਦਾਨ ਹੋਰ ਕੀ ਹੋ ਸਕਦਾ ਹੈ", ਨਾਨੀ-ਮਾਂ ਗੱਲ ਸੁਣਾਉਂਦੀ ਰਹੀ।

"ਅਗਲੇ ਦਿਨ ਰਾਜੇ ਨੇ ਢੰਡੋਰਾ ਪਿਟਵਾ ਦਿੱਤਾ ਕਿ ਸ਼ਾਹੀ ਮਹੱਲਾਂ ਦੇ ਅੱਗੇ ਹਰ ਰੋਜ਼ ਸ਼ਾਮੀਂ ਬੱਚੇ ਇਕੱਠੇ ਹੋ ਜਾਇਆ ਕਰਨ ਤੇ ਰੋਟੀਆਂ ਲੈ ਲਿਆ ਕਰਨ।"

"ਉੱਧਰ ਵਰਖਾ ਹੋਣ 'ਚ ਨਹੀਂ ਸੀ ਆਉਂਦੀ। ਚਾਰੇ ਪਾਸੇ ਕਹਿਰ ਵਰਤਿਆ ਹੋਇਆ ਸੀ। ਪੰਛੀ ਵੀ ਚੋਗਾ ਨਾ ਮਿਲਣ ਕਾਰਨ ਭੁੱਖੇ ਮਰਨ ਲੱਗੇ। ਇਹ ਵੇਖ ਕੇ ਰਾਜੇ ਨੇ ਆਪਣੇ ਨੌਕਰਾਂ ਨੂੰ ਹੁਕਮ ਕਰ ਦਿੱਤਾ ਕਿ ਭੰਡਾਰੇ 'ਚੋਂ ਅਨਾਜ ਲੈ ਕੇ ਪੰਛੀਆਂ ਨੂੰ ਖੁੱਲ੍ਹੀ ਥਾਂ ਚੋਗਾ ਪਾ ਦਿੱਤਾ ਜਾਇਆ ਕਰੇ।"

"ਇੰਜ ਕਰਨ ਨਾਲ ਪੰਛੀ ਮਰਨ ਤੋਂ ਬਚਣ ਲੱਗੇ। ਪਸ਼ੂ, ਪੰਛੀ ਤੇ ਜਾਨਵਰ ਕੁਦਰਤ ਦੀ ਦੇਣ ਹਨ। ਧਰਤੀ ਦੀ ਰੌਣਕ ਹਨ। ਇਨ੍ਹਾਂ ਨਾਲ ਹੀ ਚੌਗਿਰਦਾ ਸੁੰਦਰ ਲੱਗਦਾ ਹੈ। ਵਾਤਾਵਰਣ ਦੀ ਸੰਭਾਲ ਲਈ ਇਨ੍ਹਾਂ ਦੀ ਰੱਖਿਆ ਕਰਨੀ ਵੀ ਜ਼ਰੂਰੀ ਹੈ। ਇਨ੍ਹਾਂ ਨਾਲ ਹੀ ਧਰਤੀ ਸੋਭਦੀ ਹੈ।" ਨਾਨੀ-ਮਾਂ ਦੱਸਦੀ ਰਹੀ।

"ਉਹ ਤਾਂ ਬੜਾ ਦਿਆਲੂ ਰਾਜਾ ਸੀ", ਪ੍ਰੀਤੀ ਨੇ ਨਾਨੀ-ਮਾਂ ਦੀਆਂ ਗੱਲਾਂ ਸੁਣ ਕੇ ਆਖਿਆ।

"ਹਾਂ, ਹਾਂ ਪ੍ਰੀਤੀ ਬੇਟੀ, ਉਹ ਰਾਜਾ ਅਜਿਹਾ ਹੀ ਸੀ", ਨਾਨੀ-ਮਾਂ ਨੇ ਸਿਰਹਾਣਾ ਠੀਕ ਕਰਦਿਆਂ ਕਿਹਾ।

"ਨਾਨੀ-ਮਾਂ, ਅਸੀਂ ਟੈਲੀਵੀਜ਼ਨ 'ਤੇ ਵੇਖਿਆ ਸੀ ਕਿ ਵਣ-ਪ੍ਰਾਣੀਆਂ ਦੀ ਸੰਭਾਲ ਕਰਨੀ ਜ਼ਰੂਰੀ ਹੈ। ਵਾਤਾਵਰਨ ਨੂੰ ਠੀਕ ਰੱਖਣ ਲਈ ਕੁਦਰਤ ਦੇ ਸਾਰੇ ਜੀਵ ਜ਼ਰੂਰੀ ਹਨ", ਪ੍ਰੀਤੀ ਖੁਸ਼ੀ ਨਾਲ ਬੋਲੀ।

"ਸ਼ਾਬਾਸ਼, ਧੀਏ, ਤੂੰ ਤਾਂ ਬੜੀ ਸਿਆਣੀ ਹੋ ਗਈ ਏਂ" ਨਾਨੀ-ਮਾਂ ਨੇ ਕਹਾਣੀ ਸੁਣਾਉਂਦਿਆਂ ਕਿਹਾ।

"ਹਾਂ, ਸੱਚ, ਰਾਜੇ ਦਾ ਢੰਡੋਰਾ ਸੁਣ ਕੇ ਅਗਲੇ ਦਿਨ ਸ਼ਾਹੀ ਮਹੱਲਾਂ ਅੱਗੇ ਸ਼ਹਿਰ ਦੇ ਸਾਰੇ ਬੱਚੇ ਇਕੱਠੇ ਹੋ ਗਏ। ਬੱਚਿਆਂ ਨੂੰ ਭੁੱਖ ਲੱਗੀ ਹੋਈ ਸੀ। ਸ਼ਾਮ ਦਾ ਵੇਲਾ ਸੀ। ਰੋਟੀਆਂ ਵੇਖ ਕੇ ਬੱਚਿਆਂ ਵਿੱਚ ਹਫੜਾ-ਦਫੜੀ ਮੱਚ ਗਈ। ਕਿਸੇ ਨੇ ਅੱਗੇ ਪਿੱਛੇ ਨਾ ਵੇਖਿਆ ਤੇ ਰੋਟੀਆਂ ਨੂੰ ਝਪਟ ਮਾਰ ਕੇ ਖਾਣ ਲੱਗ ਪਏ। ਖੂਬ ਖਿੱਚ-ਧੂਅ ਹੋਣ ਲੱਗੀ। ਕਈ ਬੱਚਿਆਂ ਨੇ ਆਪਣੇ ਖੀਸਿਆਂ 'ਚ ਰੋਟੀਆਂ ਤੁੰਨ ਲਈਆਂ। ਹਰ ਕੋਈ ਵੱਡੀ ਤੋਂ ਵੱਡੀ ਰੋਟੀ ਚੁੱਕਣ ਦੀ ਕੋਸ਼ਿਸ਼ ਕਰਦਾ। ਮਿੰਟਾਂ 'ਚ ਰੋਟੀਆਂ ਮੁੱਕ ਗਈਆਂ। ਪਿੱਛੇ ਕੇਵਲ ਇੱਕ ਛੋਟੀ ਜਿਹੀ ਰੋਟੀ ਰਹਿ ਗਈ। ਉਹ ਰੋਟੀ ਲੈ ਕੇ ਉਹ ਲੜਕਾ ਘਰ ਨੂੰ ਤੁਰ ਪਿਆ। ਰਾਜਾ ਮਹੱਲਾਂ 'ਤੇ ਖੜ੍ਹਾ ਸਭ ਕੁਝ ਵੇਖ ਰਿਹਾ ਸੀ।"

"ਨਾਨੀ-ਮਾਂ ਉਹ ਲੜਕਾ ਕੌਣ ਸੀ ? ਦੀਪ ਨੇ ਪੁੱਛਿਆ।

"ਮੈਂ ਦੱਸਦੀ ਹਾਂ, ਬੇਟਾ। ਉਹ ਲੜਕਾ ਇੱਕ ਵਿਧਵਾ-ਮਾਂ ਦਾ ਇੱਕੋ ਇੱਕ ਪੁੱਤਰ ਸੀ। ਉਸ ਦੀ ਉਮਰ ਲਗਪਗ ਬਾਰਾਂ ਤੇਰਾਂ ਸਾਲ ਦੀ ਹੋਵੇਗੀ। ਉਸ ਦਾ ਪਿਤਾ ਬਹੁਤ ਗਰੀਬ ਸੀ ਤੇ ਬਿਮਾਰ ਰਹਿਣ ਕਾਰਨ ਉਸ ਦੀ ਮੌਤ ਹੋ ਗਈ ਸੀ। ਬਹੁਤ ਦੁੱਖ ਝੱਲ ਕੇ ਉਹ ਉਸ ਨੂੰ ਪਾਲ ਰਹੀ ਸੀ।"

"ਨਾਨੀ-ਮਾਂ, ਉਸ ਲੜਕੇ ਦਾ ਨਾਂ ਕੀ ਸੀ ?" ਪ੍ਰੀਤੀ ਨੇ ਪੁੱਛਿਆ।

"ਉਸ ਲੜਕੇ ਦਾ ਨਾਂ ਸੀ ਸੁਧੀਰ। ਉਸ ਦੀ ਮਾਂ ਉਸ ਨੂੰ ਸਿੱਖਿਆ ਦਿੰਦੀ ਰਹਿੰਦੀ ਤਾਂ ਜੋ ਵੱਡਾ ਹੋ ਕੇ ਉਹ ਚੰਗਾ ਕਮਾਊ ਬਣ ਸਕੇ। ਉਹ ਵਿਧਵਾ-ਮਾਂ ਵੀ ਬੜੀ ਸੂਝਵਾਨ ਤੇ ਠਰੰਮੇ ਵਾਲੀ ਸੀ। ਮਿਹਨਤ ਕਰਕੇ ਆਪਣਾ ਡੰਗ ਕਮਾਉਂਦੀ।"

"ਸੱਚ ਬੋਲਣ। ਇਮਾਨਦਾਰ ਬਣਨ। ਸਬਰ ਰੱਖਣ। ਪਿਆਰ ਨਾਲ ਰਹਿਣ। ਮਿਹਨਤ ਕਰਨ ਅਤੇ ਦੂਜਿਆਂ ਲਈ ਆਪਾ ਵਾਰਨ ਵਰਗੀਆਂ ਕਹਾਣੀਆਂ ਸੁਣਾ-ਸੁਣਾ ਕੇ ਉਸ ਨੇ ਆਪਣੇ ਪੁੱਤਰ 'ਚ ਚੰਗੇ ਗੁਣ ਭਰ ਦਿੱਤੇ ਸਨ। ਚੰਗੀਆਂ ਮਾਵਾਂ ਦੀ ਇਹੋ ਤਾਂ ਨਿਸ਼ਾਨੀ ਹੈ।"

"ਨਾਨੀ-ਮਾਂ ਅਸੀਂ ਤੁਹਾਡੇ ਕੋਲੋਂ ਤਦੇ ਕਹਾਣੀਆਂ ਸੁਣਦੇ ਹਾਂ," ਦੀਪ ਨੇ ਸਭ ਨੂੰ ਹਸਾਉਂਦਿਆਂ ਕਿਹਾ।

"ਅੱਗੇ ਸੁਣੋ"—। ਹਰ ਰੋਜ਼ ਸ਼ਾਮ ਨੂੰ ਬੱਚੇ ਸ਼ਾਹੀ ਮਹੱਲਾਂ ਅੱਗੇ ਇਕੱਠੇ ਹੁੰਦੇ ਤੇ ਰੋਟੀਆਂ ਦੀ ਉਡੀਕ ਕਰਦੇ। ਹਰ ਕੋਈ ਵੱਡੀ ਤੋਂ ਵੱਡੀ ਰੋਟੀ ਚੁੱਕਣ ਦੀ ਕੋਸ਼ਿਸ਼ ਕਰਦਾ। ਆਪੋ ਧਾਪੀ ਹੁੰਦੀ। ਕਈ ਬੱਚੇ ਥੱਲੇ ਡਿੱਗ ਪੈਂਦੇ। ਕਈ ਇੱਕ ਦੂਜੇ ਨਾਲ ਲੜ ਪੈਂਦੇ। ਕੋਈ ਘਰ ਰੋਟੀਆਂ ਚੁੱਕ ਕੇ ਦੌੜਨ ਦੀ ਕਰਦਾ।"

"ਪਰ—ਸੁਧੀਰ, ਚੁੱਪ-ਚਾਪ ਖੜੋਤਾ ਆਪਣੀ ਵਾਰੀ ਉਡੀਕਦਾ ਰਹਿੰਦਾ। ਕਈ ਵਾਰ ਉਸ ਨੂੰ ਰੋਟੀ ਦੀ ਇੱਕ ਅੱਧੀ ਬੁਰਕੀ ਹੀ ਮਿਲਦੀ। ਪਰ ਉਹ ਆਪਣਾ ਧੀਰਜ ਨਾ ਗਵਾਉਂਦਾ। ਮਹਲਾਂ ਵੱਲ ਤੱਕਦਾ ਤੇ ਘਰ ਨੂੰ ਤੁਰ ਪੈਂਦਾ। ਸਾਰੇ ਬੱਚੇ ਉਥੋਂ ਖਿਸਕ ਜਾਂਦੇ। ਕਦੇ ਕਦੇ ਉਸ ਨੂੰ ਆਪਣੀ ਭੁੱਖੀ ਮਾਂ ਦੀ ਯਾਦ ਆਉਂਦੀ ਜਿਹੜੀ ਘਰ ਬੈਠੀ ਉਸ ਦੀ ਉਡੀਕ ਕਰਦੀ ਹੁੰਦੀ। ਕਈ ਵੇਰ ਮਾਂ-ਪੁੱਤ ਇੱਕ ਰੋਟੀ ਨੂੰ ਵੰਡ ਕੇ ਹੀ ਰਾਤ ਟਪਾਉਂਦੇ।"

"ਔੜ ਏਨੀ ਲੰਮੀ ਹੋ ਗਈ ਕਿ ਵਰਖਾ ਹੋਣ ਵਿੱਚ ਹੀ ਨਹੀਂ ਸੀ ਆਉਂਦੀ। ਪਰ ਦਿਆਲੂ ਰਾਜੇ ਨੇ ਦਾਨ ਕਰਨਾ ਨਾ ਛੱਡਿਆ। ਰਾਜਾ ਜਿੱਥੇ ਦਾਨੀ ਸੀ, ਉਥੇ ਸਬਰ ਸੰਤੋਖ ਵਾਲਾ ਵੀ ਬਹੁਤ ਸੀ। ਔਕੜ ਵੇਲੇ ਵੀ ਉਹ

ਕ੍ਰੋਧ ਵਿਚ ਨਹੀਂ ਸੀ ਆਉਂਦਾ। ਉਹ ਤੇ ਭਾਣਾ ਮੰਨਣ ਵਾਲਾ ਤੇ ਆਪਣਾ ਫਰਜ਼ ਨਿਭਾਉਣ ਵਾਲਾ ਰਾਜਾ ਸੀ। ਉਹ ਸੋਚਦਾ ਕੁਦਰਤ ਦੇ ਹੱਠ ਅੱਗੇ ਹੋਰ ਚਾਰਾ ਵੀ ਕੀ।"

"ਰਾਜਾ ਨਹੀਂ, ਉਹ ਤਾਂ ਦੇਵਤਾ ਹੀ ਹੋਵੇਗਾ" ਪ੍ਰੀਤੀ ਨੇ ਦੀਪ ਨੂੰ ਹਲੂਣਦਿਆਂ ਕਿਹਾ।

"ਪ੍ਰੀਤੀ ਭੈਣ ਮੈਂ ਸੌਂ ਨਹੀਂ ਰਿਹਾ", ਦੀਪ ਨੇ ਰਜਾਈ 'ਚੋਂ ਹੱਥ ਬਾਹਰ ਕੱਢਦਿਆਂ ਕਿਹਾ।

ਨਾਨੀ-ਮਾਂ ਨੇ ਕਹਾਣੀ ਅੱਗੇ ਤੋਰੀ :

"ਕਿੰਨੇ ਹੀ ਦਿਨ ਬੱਚਿਆਂ ਲਈ ਰੋਟੀਆਂ ਦਾ ਦਾਨ ਪੁੰਨ ਚੱਲਦਾ ਰਿਹਾ।"'

"ਸੁਧੀਰ ਆਪਣੀ ਵਾਰੀ ਦੀ ਉਡੀਕ ਕਰਦਾ ਰਹਿੰਦਾ। ਕਈ ਬੱਚੇ ਇਕ ਦੂਜੇ ਤੋਂ ਰੋਟੀ ਖੋਹ ਲੈਂਦੇ।"

"ਬੱਚਿਓ, ਭੁੱਖ ਚੀਜ਼ ਹੀ ਅਜਿਹੀ ਹੈ। ਭੁੱਖ 'ਚ ਪਾਗਲ ਹੋਇਆ ਮਨੁੱਖ ਦੂਜੇ ਬਾਰੇ ਸੋਚਣਾ ਭੁੱਲ ਜਾਂਦਾ ਹੈ। ਉਸ ਨੂੰ ਆਪਣਾ ਪੇਟ ਹੀ ਪਿਆਰਾ ਰਹਿ ਜਾਂਦਾ ਹੈ। ਜਦੋਂ ਹਫੜਾ-ਦਫੜਾ ਮੱਚੀ ਹੋਵੇ ਤਾਂ ਕੌਣ ਕਿਸੇ ਦੀ ਪ੍ਰਵਾਹ ਕਰਦਾ ਹੈ। ਜਿਸ ਦੇ ਹੱਥ ਜੋ ਆਇਆ ਹੜੱਪ ਕਰ ਲਿਆ। ਸੁਧੀਰ ਦੀ ਕਿਸੇ ਨੇ ਕੀ ਪ੍ਰਵਾਹ ਕਰਨੀ ਸੀ। ਰਾਜਾ ਸਭ ਕੁਝ ਵੇਖਦਾ ਰਹਿੰਦਾ ਤੇ ਸੋਚੀ ਪਿਆ ਰਹਿੰਦਾ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ। ਬੱਚਿਆਂ ਉੱਤੇ ਉਸ ਨੂੰ ਤਰਸ ਆਉਂਦਾ।"

"ਨਾਨੀ-ਮਾਂ, ਇਹ ਆਦਤ ਤਾਂ ਭੈੜੀ ਹੈ। ਸਾਨੂੰ ਆਪਣੀ ਵਾਰੀ ਸਿਰ ਹੀ ਚੀਜ਼ ਲੈਣੀ ਚਾਹੀਦੀ ਹੈ ਤੇ ਦੂਜਿਆਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਸਾਡੇ ਵੱਡੇ ਭੈਣ ਜੀ ਨੇ ਵੀ ਇੱਕ ਦਿਨ ਸਾਨੂੰ ਪ੍ਰਾਰਥਨਾ ਸਮੇਂ ਇਹ ਗੱਲ ਸਮਝਾਈ ਸੀ", ਪ੍ਰੀਤੀ ਨੂੰ ਜਿਵੇਂ ਸੁਧੀਰ 'ਤੇ ਤਰਸ ਆ ਰਿਹਾ ਹੋਵੇ।



"ਹਾਂ ਹਾਂ ਨਾਨੀ-ਮਾਂ, ਮੈਨੂੰ ਵੀ ਯਾਦ ਹੈ", ਦੀਪ ਨੇ ਅੱਖਾਂ ਮਲਦਿਆਂ ਕਿਹਾ। ਸ਼ਾਇਦ ਉਸ ਨੂੰ ਨੀਂਦ ਆਉਣ ਲੱਗੀ ਸੀ।

"ਸੋਚੀਂ ਡੁੱਬੇ ਰਾਜੇ ਦੀ ਨਿਗਾਹ, ਚੁੱਪ-ਚਾਪ ਖੜੋਤੇ ਸੁਧੀਰ 'ਤੇ ਜਾ ਪੈਂਦੀ। ਰਾਜਾ ਸੋਚਦਾ ਕਿ ਇਹ ਬੱਚਾ ਹੋਰਾਂ ਨਾਲੋਂ ਵੱਖਰੇ ਸੁਭਾਅ ਦਾ ਹੈ।"

"ਰਾਜਾ ਕਈ ਦਿਨ ਸੋਚਦਾ ਰਿਹਾ। ਆਖਿਰ ਉਸ ਨੂੰ ਇੱਕ ਵਿਉਂਤ ਸੁੱਝੀ।"

"ਕੀ ਵਿਉਂਤ ? ਨਾਨੀ-ਮਾਂ", ਪ੍ਰੀਤੀ ਨੇ ਪੁੱਛਿਆ।

"ਰਾਜੇ ਨੇ ਆਪਣੇ ਰਸੋਈਏ ਨੂੰ ਆਪਣੇ ਕੋਲ ਬੁਲਾਇਆ।"

"ਜੀ ਮਹਾਰਾਜ", ਰਸੋਈਆ ਬੋਲਿਆ।

"ਸੁਣ", ਰਾਜੇ ਨੇ ਰਸੋਈਏ ਨੂੰ ਹੁਕਮ ਦਿੰਦਿਆਂ ਆਖਿਆ। ਅੱਜ ਰੋਟੀ ਦੀ ਥਾਂ ਕਚੌਰੀਆਂ ਤਿਆਰ ਕੀਤੀਆਂ ਜਾਣ। ਕੁੱਝ ਵੱਡੀਆਂ ਵੱਡੀਆਂ ਕਚੌਰੀਆਂ ਤਲੀਆਂ ਜਾਣ 'ਤੇ ਇੱਕ ਨਿੱਕੀ ਜਿਹੀ ਕਚੌਰੀ ਤਿਆਰ ਕੀਤੀ ਜਾਵੇ। ਆਹ ਇੱਕ ਸੋਨੇ ਦੀ ਮੁਹਰ ਛੋਟੀ ਕਚੌਰੀ ਵਿੱਚ ਪਾ ਦੇਣੀ", ਰਾਜੇ ਨੇ ਰਸੋਈਏ ਨੂੰ ਸਮਝਾਉਂਦਿਆਂ ਕਿਹਾ।

"ਰਸੋਈਏ ਨੇ ਰਾਜੇ ਦੇ ਹੁਕਮ ਅਨੁਸਾਰ ਕਚੌਰੀਆਂ ਤਿਆਰ ਕਰ ਦਿੱਤੀਆਂ। ਕਚੌਰੀਆਂ ਦੀ ਮਹਿਕ ਚਾਰੇ ਪਾਸੇ ਖਿੰਡ ਗਈ। ਰਾਜੇ ਨੇ ਬੱਚਿਆਂ ਨੂੰ ਕਚੌਰੀਆਂ ਵੰਡਣ ਲਈ ਦਰਬਾਰੀਆਂ ਨੂੰ ਹੁਕਮ ਦੇ ਦਿੱਤਾ।"



ਕਚੌਰੀਆਂ ਦਾ ਨਾਂ ਸੁਣ ਕੇ ਦੀਪ ਦੇ ਮੂੰਹ ਵਿੱਚ ਪਾਣੀ ਭਰ ਆਇਆ।

"ਹਰ ਰੋਜ਼ ਵਾਂਗ ਢੰਡੋਰੇ ਦੀ ਆਵਾਜ਼ ਸੁਣ ਕੇ ਬੱਚੇ ਮਹੱਲਾਂ ਅੱਗੇ ਇਕੱਠੇ ਹੋ ਗਏ। ਬੱਚਿਆਂ ਦੀ ਭੀੜ ਜੁੜ ਗਈ। ਉਹਨਾਂ ਬੱਚਿਆਂ ਵਿੱਚ ਸੁਧੀਰ ਵੀ ਸ਼ਾਮਿਲ ਸੀ। ਰਾਜਾ ਮਹੱਲਾਂ 'ਤੇ ਖੜੋਤਾ ਬੱਚਿਆਂ ਨੂੰ ਦੇਖਣ ਲੱਗਾ। ਕਚੌਰੀਆਂ ਨੂੰ ਪੱਤਲਾਂ ਉੱਤੇ ਪਰੋਸ ਦਿੱਤਾ ਗਿਆ। ਕਚੌਰੀਆਂ ਵੇਖ ਕੇ ਬੱਚਿਆਂ ਨੂੰ ਚਾਅ ਚੜ੍ਹ ਗਿਆ। ਜਿਉਂ ਹੀ ਕਚੌਰੀਆਂ ਖਾਣ ਦੀ ਆਗਿਆ ਮਿਲੀ, ਬੱਚੇ ਕਚੌਰੀਆਂ 'ਤੇ ਟੁੱਟ ਕੇ ਪੈ ਗਏ। ਘਿਉ ਵਿੱਚ ਲੱਥ-ਪੱਥ ਹੋਈਆਂ ਕਚੌਰੀਆਂ ਨਾਲ ਬੱਚਿਆਂ ਦੇ ਹੱਥ ਗੱਚ ਹੋ ਗਏ। ਮਿੰਟਾਂ ਵਿੱਚ ਹੀ ਕਚੌਰੀਆਂ ਹੜੱਪ ਹੋਣ ਲੱਗੀਆਂ।"

"ਹਰ ਕੋਈ ਵੱਡੀ ਤੋਂ ਵੱਡੀ ਕਚੌਰੀ ਚੁੱਕਦਾ ਅਤੇ ਦੌੜਨ ਦੀ ਕਰਦਾ। ਕੋਈ ਖਾਂਦਾ ਤੇ ਕੋਈ ਖੀਸੇ 'ਚ ਲੁਕੋ ਲੈਂਦਾ। ਧੱਕਮ-ਮੁੱਕੀ ਵਿੱਚ ਕਈ ਬੱਚੇ ਲੜ ਵੀ ਪਏ ਤੇ ਕਈ ਥੱਲੇ ਡਿੱਗ ਪਏ। ਸਭ ਨੇ ਵੱਡੀਆਂ-ਵੱਡੀਆਂ ਕਚੌਰੀਆਂ ਹੂੰਝ ਸੁੱਟੀਆਂ। ਸਿਰਫ ਇੱਕ ਛੋਟੀ ਕਚੌਰੀ ਪਈ ਰਹੀ ਜਿਸ ਨੂੰ ਛੋਟੀ ਸਮਝ ਕੇ ਕਿਸੇ ਨੇ ਹੱਥ ਨਾ ਲਾਇਆ।"

"ਸੁਧੀਰ ਸਭ ਕੁਝ ਵੇਖਦਾ ਰਿਹਾ। ਉਹ ਆਪਣੀ ਵਾਰੀ ਦੀ ਉਡੀਕ ਵਿੱਚ ਖੜੋਤਾ ਰਿਹਾ। ਸਭ ਤੋਂ ਬਾਅਦ ਉਸ ਨੇ ਛੋਟੀ ਕਚੌਰੀ ਚੁੱਕੀ, ਮਹੱਲਾਂ ਵੱਲ ਤੱਕਿਆ ਤੇ ਕਚੌਰੀ ਲੈ ਕੇ ਘਰ ਨੂੰ ਤੁਰ ਪਿਆ। ਉਹ ਇਹ ਕਚੌਰੀ ਆਪਣੀ ਮਾਂ ਨਾਲ ਵੰਡ ਕੇ ਖਾਣਾ ਚਾਹੁੰਦਾ ਸੀ।"



ਦੀਪ ਨੇ ਪੁੱਛਿਆ "ਨਾਨੀ-ਮਾਂ, ਉਹ ਮਹੱਲਾਂ ਵੱਲ ਤੱਕ ਕੇ ਘਰ ਨੂੰ ਕਿਉਂ ਤੁਰਿਆ?"

"ਪੁੱਤਰ, ਸੁਧੀਰ ਬਹੁਤ ਸਮਝਦਾਰ ਸੀ। ਉਹ ਆਪਣੀਆਂ ਨਜ਼ਰਾਂ ਨਾਲ ਹੀ ਰਾਜੇ ਦਾ ਧੰਨਵਾਦ ਕਰਨਾ ਚਾਹੁੰਦਾ ਸੀ," ਨਾਨੀ-ਮਾਂ ਨੇ ਦੱਸਿਆ।

"ਜਦੋਂ ਸੁਧੀਰ ਕਚੌਰੀ ਲੈ ਕੇ ਘਰ ਪੁੱਜਿਆ ਤਾਂ ਮੂੰਹ ਹਨੇਰਾ ਹੋ ਗਿਆ ਸੀ।

"ਮਾਂ, ਮਾਂ ਅੱਜ ਰਾਜੇ ਨੇ ਸਾਨੂੰ ਕਚੌਰੀਆਂ ਵੰਡੀਆਂ। ਆਹ ਵੇਖ ਮੈਂ ਵੀ ਇੱਕ ਕਚੌਰੀ ਲੈ ਕੇ ਆਇਆ ਹਾਂ", ਸੁਧੀਰ ਖੁਸ਼ੀ 'ਚ ਬੋਲਿਆ।

"ਹੈਂ—ਸੱਚ!" ਮਾਂ ਬੋਲੀ।

"ਪੁੱਤਰ ਰਾਜਾ ਤਾਂ ਬੜਾ ਹੀ ਧਰਮੀ ਹੈ। ਏਨਾ ਦਾਨ ਕਰ ਰਿਹਾ ਹੈ ਪਰ ਵਰਖਾ ਅਜੇ ਵੀ ਪੈਣ 'ਚ ਨਹੀਂ ਆਉਂਦੀ। ਜੁਗ-ਜੁਗ ਜੀਵੇ ਵੱਡਾ ਰਾਜਾ", ਮਾਂ ਅਸੀਸਾਂ ਦੇਂਦੀ ਬੋਲੀ।

"ਜਦੋਂ ਸੁਧੀਰ ਨੇ ਅੱਧੀ ਕਚੌਰੀ ਤੋੜ ਕੇ ਮਾਂ ਨੂੰ ਫੜਾਈ ਤਾਂ ਛੰਨ ਕਰਦੀ ਇੱਕ ਮੁਹਰ ਉਸ ਕਚੌਰੀ 'ਚੋਂ ਥੱਲੇ ਡਿੱਗ ਪਈ।

"ਇਹ ਕਾਹਦਾ ਖੜਾਕ?" ਮਾਂ ਝੱਟ ਬੋਲੀ। ਸੁਧੀਰ ਨੇ ਥੱਲਿਉਂ ਚੁੱਕ ਕੇ ਮੁਹਰ ਮਾਂ ਦੇ ਹੱਥ ਉੱਤੇ ਰੱਖ ਦਿੱਤੀ।

"ਐਹ, ਸਿੱਕਾ ਜਿਹਾ ਪਤਾ ਨਹੀਂ ਕੀ ਹੈ?" ਸੁਧੀਰ ਨੇ ਪੁੱਛਿਆ।

"ਦੀਵੇ ਦੀ ਲੋਅ 'ਚ ਮਾਂ ਨੇ ਵੇਖਿਆ ਤਾਂ ਹੈਰਾਨ ਪ੍ਰੇਸ਼ਾਨ ਹੋ ਗਈ। ਉਸ ਨੇ ਮੁਹਰ ਨੂੰ ਕਈ ਵਾਰ ਥੱਲ-ਪਥੱਲ ਕੇ ਵੇਖਿਆ।

"ਪੁੱਤਰ, ਇਹ ਤਾਂ ਸੋਨੇ ਦੀ ਮੁਹਰ ਐ। ਬੜੀ ਕੀਮਤੀ", ਮਾਂ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ।

ਦੀਵੇ ਦੇ ਚਾਨਣ 'ਚ ਮੁਹਰ ਸ਼ੀਸ਼ੇ ਵਾਂਗ ਲਿਸ਼ਕ ਰਹੀ ਸੀ।

"ਇਹ ਤਾਂ ਰਾਜੇ ਦੀ ਹੈ, ਸਾਡਾ ਇਸ ਨਾਲ ਕੀ? ਇਹ ਉਸਦੀ ਅਮਾਨਤ ਹੈ। ਗਲਤੀ ਨਾਲ ਇਹ ਮੁਹਰ ਕਚੌਰੀ ਵਿੱਚ ਆ ਗਈ। ਮਾਂ ਜਿਵੇਂ ਸੋਚੀਂ ਪੈ ਗਈ।

"ਮਾਂ-ਮਾਂ, ਸਾਨੂੰ ਇਹ ਮੁਹਰ ਰਾਜੇ ਨੂੰ ਮੋੜ ਦੇਣੀ ਚਾਹੀਦੀ ਹੈ। ਰਾਜਾ ਕੀ ਸੋਚੇਗਾ ਕਿ ਅਸੀਂ ਚੋਰ ਹਾਂ", ਸੁਧੀਰ ਬੋਲਿਆ।

"ਹਾਂ, ਬੇਟਾ ਠੀਕ ਹੈ। ਸਾਨੂੰ ਇਹ ਮੁਹਰ ਰਾਜੇ ਨੂੰ ਮੋੜ ਦੇਣੀ ਚਾਹੀਦੀ ਹੈ", ਮਾਂ ਨੇ ਫੈਸਲਾ ਕਰਦਿਆਂ ਆਖਿਆ।

"ਮਾਂ ਪੁੱਤ ਨੂੰ ਸਾਰੀ ਰਾਤ ਰਾਜੇ ਦੇ ਦਰਬਾਰ ਦੇ ਸੁਪਨੇ ਆਉਂਦੇ ਰਹੇ।

"ਰਾਤ ਲੰਘੀ, ਦੂਜੇ ਦਿਨ ਸਵੇਰੇ ਹੀ ਮਾਂ ਪੁੱਤ ਸ਼ਾਹੀ ਮਹੱਲਾਂ ਅੱਗੇ ਜਾ ਖਲੋਏ।

ਦਰਬਾਰੀਆਂ ਨੇ ਉਨ੍ਹਾਂ ਉਥੇ ਆਉਣ ਦਾ ਕਾਰਨ ਪੁੱਛਿਆ। ਉਹਨਾਂ ਨੇ ਕਿਹਾ ਕਿ ਅਸੀਂ ਤਾਂ ਵੱਡੇ ਰਾਜੇ ਨੂੰ ਮਿਲਣਾ ਹੈ।"

ਰਾਜੇ ਦਾ ਦਰਬਾਰ ਲੱਗਿਆ ਹੋਇਆ ਸੀ। ਆਗਿਆ ਮਿਲਣ 'ਤੇ ਦੋਵੇਂ ਮਾਂ ਪੁੱਤ ਰਾਜੇ ਅੱਗੇ ਜਾ ਹਾਜ਼ਰ ਹੋਏ।

"ਨਾਨੀ-ਮਾਂ, ਸੁਧੀਰ ਨੂੰ ਰਾਜੇ ਤੋਂ ਡਰ ਨਹੀਂ ਆਇਆ", ਪ੍ਰੀਤੀ ਨੇ ਪੁੱਛਿਆ।

"ਨਾ ਨਾ ਬਿਲਕੁਲ ਨਹੀਂ। ਸੱਚ ਨੂੰ ਡਰਨ ਦੀ ਕੀ ਲੋੜ", ਨਾਨੀ-ਮਾਂ ਨੇ ਦੱਸਿਆ।

"ਫਿਰ ਕੀ, ਹੋਇਆ ?" ਦੀਪ ਨੇ ਪ੍ਰਸ਼ਨ ਕੀਤਾ।

ਦਰਬਾਰ 'ਚ ਪੁੱਜ ਕੇ ਮਾਂ ਨੇ ਕਿਹਾ, "ਐ ਵੱਡੇ ਮਹਾਰਾਜ ਜੀ, ਅਸੀਂ ਤਾਂ ਇਹ ਮੁਹਰ ਤੁਹਾਨੂੰ ਮੋੜਨ ਆਏ ਹਾਂ। ਕੱਲ੍ਹ—।"

ਰਾਜੇ ਨੇ ਬੜੀ ਗੰਭੀਰਤਾ ਨਾਲ ਪੁੱਛਿਆ, "ਤੁਹਾਨੂੰ ਇਹ ਮੁਹਰ ਕਿੱਥੋਂ ਮਿਲੀ ?"

ਮਾਂ ਕੋਲ ਖੜੋਤਾ ਸੁਧੀਰ ਦਬਵੀਂ ਆਵਾਜ਼ 'ਚ ਬੋਲਿਆ, "ਜੀ—ਜੀ—ਮੈਨੂੰ—ਇਹ ਕਚੌਰੀ 'ਚੋਂ ਮਿਲੀ ਐ—ਕੱਲ੍ਹ, ਸ਼ਾਮ—।"

"ਸੱਚਮੁੱਚ ਇਹ ਉਹੀ ਮੁਹਰ ਸੀ ਜਿਹੜੀ ਰਾਜੇ ਨੇ ਛੋਟੀ ਕਚੌਰੀ ਵਿੱਚ ਪੁਆਈ ਸੀ। ਰਾਜੇ ਨੇ ਮੁਹਰ ਫੜਦਿਆਂ ਝੱਟ ਪਛਾਣ ਲਈ।"


ਰਾਜਾ ਲੜਕੇ ਦੀ ਇਮਾਨਦਾਰੀ ਅਤੇ ਸਚਿਆਈ 'ਤੇ ਬਹੁਤ ਖੁਸ਼ ਹੋਇਆ। ਰਾਜੇ ਨੇ ਅੱਗੋਂ ਕਿਹਾ, "ਐ ਦੇਵੀ ਮਾਂ, ਤੇਰਾ ਪੁੱਤਰ ਬੜਾ ਹੋਣਹਾਰ ਹੈ। ਹੋਰ ਬੱਚਿਆਂ ਨਾਲੋਂ ਨਿਆਰਾ ਹੈ। ਇਸ ਵਿੱਚ ਬੜਾ ਸਬਰ ਹੈ। ਇਹ ਸੱਚਾ ਤੇ ਇਮਾਨਦਾਰ ਹੈ।"

ਰਾਜੇ ਦੇ ਬੋਲ ਸੁਣ ਕੇ ਮਾਂ ਗਦ-ਗਦ ਹੋ ਰਹੀ ਸੀ। ਰਾਜੇ ਨੇ ਉਹ ਮੁਹਰ ਵਾਪਿਸ ਸੁਧੀਰ ਨੂੰ ਦੇ ਦਿੱਤੀ ਤੇ ਕਿਹਾ ਇਹ ਮੁਹਰ ਹੁਣ ਤੇਰੀ ਹੈ।"

"ਨਾਨੀ-ਮਾਂ, ਸੁਧੀਰ ਤਾਂ ਫਿਰ ਬੜਾ ਦਲੇਰ ਵੀ ਸੀ ਜੋ ਰਾਜੇ ਦੇ ਦਰਬਾਰ ਵਿੱਚ ਸੱਚ ਬੋਲਿਆ", ਪ੍ਰੀਤੀ ਨੇ ਕਿਹਾ।

"ਹਾਂ—ਹਾਂ—ਪੁੱਤਰ। ਸੱਚ ਤੇ ਸਬਰ ਵਿੱਚ ਬੜੀ ਤਾਕਤ ਹੁੰਦੀ ਹੈ", ਨਾਨੀ-ਮਾਂ ਨੇ ਆਖਿਆ।

"ਫੇਰ ਪਤਾ ਕੀ ਹੋਇਆ—। ਰਾਜੇ ਨੇ ਖੁਸ਼ ਹੋ ਕੇ ਉਸ ਨੂੰ ਸ਼ਾਬਾਸ਼ ਦਿੱਤੀ। ਸਬਰ ਦੀ ਕਦਰ ਕਰਦਿਆਂ, ਉਸ



ਨੂੰ ਸੋਨੇ ਦੀਆਂ ਚਾਰ ਹੋਰ ਮੁਹਰਾਂ ਇਨਾਮ ਵਜੋਂ ਦੇ ਦਿੱਤੀਆਂ। ਰਾਜੇ ਨੇ ਇਹ ਵੀ ਇੱਛਾ ਪ੍ਰਗਟ ਕੀਤੀ ਸੀ ਕਿ ਇਹ ਬੱਚਾ ਪੜ੍ਹ ਲਿਖ ਜਾਵੇ। ਮੈਂ ਇਸ ਨੂੰ ਆਪਣੇ ਦਰਬਾਰ ਵਿੱਚ ਵਜ਼ੀਰ ਬਣਿਆ ਦੇਖਣਾ ਚਾਹੁੰਦਾ ਹਾਂ।"

ਸੁਧੀਰ ਦੀ ਮਾਂ ਰਾਜੇ ਨੂੰ ਅਸੀਸਾਂ ਦਿੰਦੀ ਰਹੀ। ਦੋਵੇਂ ਮਾਂ-ਪੁੱਤ ਘਰ ਆ ਗਏ। ਸੁਧੀਰ ਦੇ ਸਬਰ ਤੇ ਇਮਾਨਦਾਰੀ ਦੀ ਕਹਾਣੀ ਸਾਰੇ ਸ਼ਹਿਰ ਵਿੱਚ ਫੈਲ ਗਈ।

"ਕਹਿੰਦੇ ਨੇ ਕੁਝ ਦਿਨਾਂ ਬਾਅਦ ਹੀ ਵਰਖਾ ਹੋ ਗਈ। ਔੜ ਖਤਮ ਹੋ ਗਈ ਤੇ ਲੋਕੀਂ ਖੁਸ਼ੀ ਨਾਲ ਨੱਚ ਉੱਠੇ।"

"ਨਾਨੀ-ਮਾਂ, ਸੁਧੀਰ ਫਿਰ ਵਜ਼ੀਰ ਬਣਿਆ ?" ਦੀਪ ਨੇ ਰਜਾਈ ਖਿੱਚਦਿਆਂ ਪੁੱਛਿਆ।

"ਕਿਉਂ ਨਹੀਂ—ਪੁੱਤਰ। ਉਸ ਨੇ ਸੋਨੇ ਦੀਆਂ ਮੁਹਰਾਂ ਤੋਂ ਲਾਭ ਉਠਾਇਆ। ਵਿੱਦਿਆ ਪ੍ਰਾਪਤ ਕੀਤੀ। ਵੱਡਾ ਹੋਇਆ। ਮਾਂ ਦੀ ਸਾਂਭ-ਸੰਭਾਲ ਕੀਤੀ ਤੇ ਸਮਾਂ ਪਾ ਕੇ ਰਾਜੇ ਦਾ ਹਰਮਨ ਪਿਆਰਾ ਵਜ਼ੀਰ ਬਣਿਆ। ਘਰ ਦੀ ਗ਼ਰੀਬੀ ਧੋਈ ਗਈ। ਲੋਕਾਂ 'ਚ ਉਸ ਦੀ ਜੈ-ਜੈ ਹੋਣ ਲੱਗੀ।"



"ਬੀਬਾ, ਇਸੇ ਕਰਕੇ ਤਾਂ ਸਿਆਣੇ ਕਹਿੰਦੇ ਨੇ :

"ਸਬਰ ਦਾ ਫਲ ਮਿੱਠਾ ਹੁੰਦਾ ਏ," ਨਾਨੀ-ਮਾਂ ਬੋਲੀ।


"ਇਹ ਕਹਾਣੀ ਤਾਂ ਸਾਨੂੰ ਬੜੀ ਚੰਗੀ ਲੱਗੀ", ਪ੍ਰੀਤੀ ਤੇ ਦੀਪ ਨੇ ਹੁੰਗਾਰਾ ਭਰਦਿਆਂ ਕਿਹਾ।

ਰਾਤ ਕਾਫ਼ੀ ਹੋ ਗਈ ਸੀ। ਦੀਪ ਤੇ ਪ੍ਰੀਤੀ ਦੇ ਮੰਮੀ ਪਾਪਾ ਸੌਂ ਗਏ ਸਨ। ਦੋਵੇਂ ਭੈਣ-ਭਰਾ ਨਾਨੀ-ਮਾਂ ਨਾਲ ਹੀ ਸੌਣਾ ਚਾਹੁੰਦੇ ਸਨ।

"ਚੰਗਾ ਹੁਣ ਨੀਂਦੀ ਕਰ ਲਓ।" ਨਾਨੀ-ਮਾਂ ਨੇ ਬੱਲਬ ਬੁਝਾਂਦਿਆਂ ਕਿਹਾ :

ਮੁੱਕ ਗਈ ਬਾਤ, ਉਤੋਂ ਪੈ ਗਈ ਰਾਤ।

* * *



**ਮਨਮੋਹਨ ਸਿੰਘ ਦਾਊਂ**

ਮਨਮੋਹਨ ਸਿੰਘ ਦਾਊਂ ਪੰਜਾਬੀ ਸਾਹਿਤ ਤੇ ਪੰਜਾਬੀ-ਬਾਲ-ਸਾਹਿਤ ਦਾ ਨਿਸ਼ਠਾਵਾਨ ਲੇਖਕ ਹੈ।ਉਸ ਨੇ ਬਾਲ-ਮਨੋਵਿਗਿਆਨ ਨੂੰ ਸਮਝਦੇ ਹੋਏ, ਬੱਚਿਆਂ ਦੀਆਂ ਲੋੜਾਂ ਅਤੇ ਪੱਧਰ ਅਨੁਸਾਰ ਬਾਲ-ਕਾਵਿ, ਨਰਸਰੀ-ਗੀਤ, ਬਾਲ-ਕਹਾਣੀਆਂ, ਨਿਬੰਧ, ਜੀਵਨੀ-ਸਾਹਿਤ, ਸੰਸਮਰਣ ਆਦਿ ਵਿਧਾਵਾਂ ਵਿਚ ਮਿਆਰੀ ਰਚਨਾਵਾਂ ਲਿਖੀਆਂ ਹਨ।

ਸ੍ਰੀ ਦਾਊਂ ਨੇ ਮਨੁੱਖੀ ਜੀਵਨ, ਇਤਿਹਾਸ, ਸਭਿਆਚਾਰ, ਵਿਰਸਾ ਅਤੇ ਪ੍ਰਕਿਰਤੀ ਨਾਲ ਸਬੰਧਤ ਵਿਭਿੰਨ ਵਿਸ਼ਿਆਂ ਨੂੰ ਸਰਲਤਾ, ਸਪੱਸ਼ਟਤਾ, ਰੌਚਿਕਤਾ ਤੇ ਚਿੱਤਰਮਈ ਸ਼ੈਲੀ ਦੁਆਰਾ ਮਨ-ਮੋਹਕ ਬਣਾ ਕੇ ਬੱਚਿਆਂ ਲਈ ਪ੍ਰਸਤੁੱਤ ਕੀਤਾ ਹੈ। 'ਮੁਹਰ ਵਾਲੀ ਕਚੌਰੀ', ਬਾਲ-ਕਹਾਣੀ ਉਸ ਦੀ ਕਲਾ-ਸ਼ੈਲੀ ਦਾ ਸਿਖਰ ਛੂੰਹਦੀ ਹੈ।ਅਜੋਕੇ ਸਮਿਆਂ ਵਿਚ ਅਜਿਹੀ ਬਾਲ-ਕਹਾਣੀ, ਪੰਜਾਬੀ ਬਾਲ-ਸਾਹਿਤ ਦੇ ਉਦੇਸ਼ਾਂ ਦੀ ਪੂਰਤੀ ਕਰਦੀ ਹੈ।ਸਚਾਰੂ ਮਨੁੱਖ ਦੀ ਸ਼ਖ਼ਸੀਅਤ ਉਸਾਰਨ ਵਿਚ, ਅਜਿਹੀ ਰਚਨਾ ਬੱਚਿਆਂ ਲਈ ਬਹੁਤ ਲਾਹੇਵੰਦ ਹੋਵੇਗੀ।

—ਡਾ. ਕਰਨੈਲ ਸਿੰਘ ਸੋਮਲ

Forever Learning
ISBN 978-93-5204-456-6
9 789352 044566
www. unistarbooks.com ₹ 30/-